ਅੰਤਰ ਰਾਸ਼ਟਰੀ ਪੰਜਾਬੀ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ** ISSN: 2584-0509



# ਮੋਟਿਫ਼, ਮੋਟਿਫ਼ ਦੀ ਪ੍ਰਕਾਰ ਵੰਡ ਅਤੇ ਇਸਦੇ ਤੱਤ
## (ਇੱਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਦੇ ਸੰਦਰਭ ਵਿਚ)



ਜਗਮੀਤ ਹਰਫ਼
ਖੋਜਾਰਥੀ
ਪੰਜਾਬੀ ਵਿਭਾਗ
ਰਿਜ਼ਨਲ ਸੈਂਟਰ ਬਠਿੰਡਾ।
+91 99887-46178

ਰਚਨਾ ਵਿਚ ਕਾਰਜਸ਼ੀਲ ਥੀਮ ਦੀ ਪਛਾਣ ਮੋਟਿਫਾਂ ਦੇ ਆਪਸੀ ਜੋੜ ਮੇਲ ਤੋਂ ਹੁੰਦੀ ਹੈ। ਇਸ ਲਈ ਥੀਮਕ ਅਧਿਐਨ ਵਿਚ ਸਾਹਿਤਕ ਕ੍ਰਿਤ ਦੇ ਅਰਥਾਂ ਨੂੰ ਜਾਣਨ ਲਈ ਮੋਟਿਫ਼ ਵਿਸ਼ਲੇਸ਼ਣ ਵਿਸ਼ੇਸ਼ ਮਹੱਤਵ ਰੱਖਦਾ ਹੈ। ਮੋਟਿਫ਼ ਰਚਨਾ ਵਿਚ ਕਾਰਜਸ਼ੀਲ ਮਹੀਨ ਟੋਟੇ ਹਨ ਜੋ ਰਚਨਾ ਵਿਚ ਵਿਆਪਕ ਮੁੱਖ ਥੀਮ ਦੀ ਉਸਾਰੀ ਕਰਦੇ ਹਨ। ਮੋਟਿਫ਼ ਸ਼ਬਦ ਦੀ ਵਰਤੋਂ ਅਨੇਕ ਅਰਥਾਂ ਵਿਚ ਹੁੰਦੀ ਹੈ। ਸਭ ਤੋਂ ਪਹਿਲਾਂ ਮੋਟਿਫ਼ ਉਸ ਥੀਮਕ ਇਕਾਈ ਨੂੰ ਮੰਨਿਆ ਜਾਂਦਾ ਸੀ ਜੋ ਇਕ ਤੋਂ ਵੱਧ ਕ੍ਰਿਤਾਂ ਵਿਚ ਦੁਹਰਾਓ ਸਥਿਤੀ ਵਿਚ ਕਾਰਜਸ਼ੀਲ ਹੁੰਦਾ ਸੀ। ਇਹ ਉਸੇ ਰੂਪ ਵਿੱਚ ਇਕ ਰਚਨਾ ਤੋਂ ਦੂਜੀ ਰਚਨਾ ਤੱਕ ਸਫ਼ਰ ਕਰਦੇ ਸਨ ਪਰ ਰੂਸੀ ਰੂਪਵਾਦੀਆਂ ਨੇ ਮੋਟਿਫ਼ ਨੂੰ ਪ੍ਰਭਾਸ਼ਿਤ ਕਰਦਿਆਂ ਕਿਹਾ ਕਿ, "ਮੋਟਿਫ਼ ਅਜਿਹੀ ਇਕਾਈ ਹੈ ਜੋ ਕਿਸੇ ਇਕ ਰਚਨਾ ਵਿਚ ਪਈ ਹੁੰਦੀ ਹੈ ਤੇ ਇਸਦੀ ਸਾਰਥਿਕਤਾ ਉਸੇ ਰਚਨਾ ਵਿਚ ਹੈ। ਇਸਨੂੰ ਕਿਸੇ ਹੋਰ ਰਚਨਾ ਵਿਚ ਪ੍ਰਵੇਸ਼ ਕਰਨ ਦੀ ਮਜ਼ਬੂਰੀ ਨਹੀਂ।"[1] ਇਸ ਤਰ੍ਹਾਂ ਜਿੱਥੇ ਪਹਿਲਾਂ ਮੋਟਿਫ਼ ਨੂੰ ਇਕ ਤੋਂ ਵੱਧ ਕ੍ਰਿਤਾਂ ਵਿਚ ਦੁਹਰਾਓ ਪੂਰਨ ਅਤੇ ਇਕ ਕ੍ਰਿਤ ਤੋਂ ਦੂਜੀ ਕ੍ਰਿਤ ਤੱਕ ਸਫ਼ਰ ਵਜੋਂ ਮੰਨਿਆ ਜਾਂਦਾ ਸੀ। ਉਥੇ ਰੂਸੀ ਰੂਪਵਾਦੀਆਂ ਨੇ ਰਚਨਾ ਦੇ ਰੂਪ ਪ੍ਰਬੰਧ ਨੂੰ ਸੁਨਿਸ਼ਚਿਤ ਕਰਦਿਆਂ ਮੋਟਿਫ਼ ਦੀ ਰਚਨਾ ਵਿਸ਼ੇਸ਼ ਵਿਚਲੀ ਸਾਰਥਕਤਾ ਨੂੰ ਮਹੱਤਵਪੂਰਨ ਮੰਨਿਆ ਹੈ। ਇਸ ਪ੍ਰਕਾਰ ਮੋਟਿਫ਼ ਰਚਨਾ ਵਿਸ਼ੇਸ਼ ਦੇ ਸੰਰਚਨਾ ਤੱਤ ਵਜੋਂ ਪੇਸ਼ ਹੋਣ ਲੱਗਾ ਅਤੇ ਰਚਨਾ ਦੇ ਵਿਕਾਸ ਨੂੰ ਵਿਵਧਤਾ ਪ੍ਰਦਾਨ ਕਰਦਾ ਹੈ। ਤੋਮਾਸ਼ੇਵੋਸਕੀ ਅਨੁਸਾਰ, "ਮੋਟਿਫ਼ ਬਿਰਤਾਂਤ ਰਚਨਾ ਦਾ ਉਹ ਛੋਟੇ ਤੋਂ ਛੋਟਾ ਟੁਕੜਾ ਹੈ ਜਿਸਨੂੰ ਅੱਗੇ ਹੋਰ ਘਟਾਇਆ ਨਹੀਂ ਜਾ ਸਕਦਾ।"[2] ਇਸ ਪ੍ਰਕਾਰ ਹਰ ਵਾਕ ਦਾ ਆਪਣਾ ਮੋਟਿਫ਼ ਹੁੰਦਾ ਹੈ। ਇਹ ਆਪਣੇ ਆਪ ਵਿੱਚ ਸੰਪੂਰਨ ਹੁੰਦਾ ਹੋਇਆ ਵੀ ਰਚਨਾ ਦੇ ਬਾਕੀ ਮੋਟਿਫਾਂ ਨਾਲ ਜੁੜਿਆ ਹੋਇਆ ਹੁੰਦਾ ਹੈ ਫ਼ਾਕ ਅਨੁਸਾਰ, "ਇਕ ਬਿਰਤਾਂਤਕ ਰਚਨਾ ਕਾਰਜਾਂ, ਕਥਨਾਂ (ਮਨੋਦਸ਼ਾ ਅਤੇ ਮਨੋਭਾਵਾਂ ਨੂੰ ਵਿਅਕਤ ਕਰਨ ਵਾਲੇ) ਸ਼ਰੀਰਕ ਸੰਕੇਤਾਂ (gesture), ਸਾਰਥਿਕ ਸਥਿਤੀਆਂ ਆਦਿ ਸੰਰਚਨਾਤਮਕ ਤੱਤਾਂ ਦਾ ਜੋੜ ਮੇਲ ਹੁੰਦੀ ਹੈ।"[3] ਫ਼ਾਕ ਨੇ ਰਚਨਾ ਵਿਚ ਕਾਰਜਸ਼ੀਲ ਸੰਰਚਨਾਤਮਕ ਤੱਤਾਂ ਨੂੰ ਹੀ ਮੋਟਿਫ਼



www.khojnama.com khojnamapb03@gmail.com

ਮੰਨਿਆ ਹੈ। ਇਹ ਥੀਮਕ ਸਮੱਗਰੀ ਦੀ ਸਭ ਤੋਂ ਛੋਟੀ ਤੇ ਬੁਨਿਆਦੀ ਇਕਾਈ ਹੁੰਦੇ ਹਨ। ਪੰਜਾਬੀ ਗ਼ਜ਼ਲ ਦੇ ਸ਼ਿਅਰਾਂ ਵਿਚੋਂ ਮੋਟਿਫ਼ ਦੀ ਪਛਾਣ ਨਿਮਨ ਅਨੁਸਾਰ ਕੀਤੀ ਜਾ ਸਕਦੀ ਹੈ।

ਜੋ ਕਦੇ ਸਨ ਤੇਜ਼ ਦਰਿਆਵਾਂ ਦੇ ਵਾਂਗੂੰ ਸ਼ੂਕਦੇ।
ਕੁਰਸੀਆਂ ਦੇ ਥਲ 'ਚ ਪਹੁੰਚਣ ਸਾਰ ਗੂੰਗੇ ਹੋ ਗਏ।[4]

ਉਕਤ ਸ਼ਿਅਰ ਵਿਚ ਤਿੰਨ ਮੋਟਿਫ਼ ਕਾਰਜਸ਼ੀਲ ਹਨ ਜੋ ਸ਼ਿਅਰ ਨੂੰ ਸੰਪੂਰਨਤਾ ਪ੍ਰਦਾਨ ਕਰਦੇ ਹਨ।

1. ਤੇਜ਼ ਦਰਿਆ ਵਾਂਗੂੰ ਸ਼ੂਕਣਾ
2. ਕੁਰਸੀਆਂ ਦੇ ਥਲ 'ਚ ਪਹੁੰਚਣਾ
3. ਤੇ ਪਹੁੰਚਣ ਸਾਰ ਗੂੰਗੇ ਹੋਣਾ।

ਤਿੰਨੇ ਮੋਟਿਫ਼ ਆਪਣੇ ਆਪ ਵਿੱਚ ਪੂਰਨ ਹਨ ਤੇ ਇਕ ਦੂਜੇ ਮੋਟਿਫ਼ ਨਾਲ ਜੁੜ ਕੇ ਥੀਮ ਦੀ ਨਿਰਮਾਣਕਾਰੀ ਵਿਚ ਹਿੱਸਾ ਪਾਉਂਦੇ ਹਨ। ਸ਼ਿਅਰ ਵਿਚ ਮੋਟਿਫ਼ ਨੰਬਰ 1, ਮੋਟਿਫ਼ ਨੰਬਰ 3 ਦੀ ਸੰਪੂਰਨਤਾ ਲਈ ਮੋਟਿਫ਼ ਨੰਬਰ 2 ਵਿਚੋਂ ਵਿਕਸਤ ਹੁੰਦਾ ਹੈ। ਇਸ ਤਰ੍ਹਾਂ ਸ਼ਿਅਰ ਦਾ ਥੀਮ 'ਕੁਰਸੀ ਮਿਲਣ 'ਤੇ ਚੁੱਪ ਧਾਰਨੀ' ਉਜਾਗਰ ਹੁੰਦਾ ਹੈ। ਤਿੰਨੇ ਮੋਟਿਫ਼ ਆਪਸ ਵਿੱਚ ਅੰਤਰਸੰਬੰਧਤ ਹਨ। ਇਸਨੂੰ ਨਿਮਨ ਆਰੇਖ ਰਾਹੀਂ ਸਮਝਿਆ ਜਾ ਸਕਦਾ ਹੈ।

1. ਤੇਜ਼ ਦਰਿਆ ਵਾਂਗੂੰ ਸ਼ੂਕਣਾ
2. ਕੁਰਸੀਆਂ ਦੇ ਥਲ 'ਚ ਪਹੁੰਚਣਾ
3. ਤੇ ਪਹੁੰਚਣ ਸਾਰ ਗੂੰਗੇ ਹੋਣਾ।

--------------------------'ਕੁਰਸੀ ਮਿਲਣ 'ਤੇ ਚੁੱਪ ਧਾਰਨੀ '(ਥੀਮ)---------------

ਉਕਤ ਪਹਿਲਾ ਮੋਟਿਫ਼ ਦੂਜੇ ਨਾਲ, ਦੂਜਾ ਤੀਜੇ ਨਾਲ ਆਪਸ ਵਿੱਚ ਵਿਰੋਧੀ ਜਰੁੱਟਾਂ (ਬਾਇਨਰੀ ਔਪੋਜੀਸ਼ਨ) ਰਾਹੀਂ ਜੁੜੇ ਹੋਏ ਹਨ।

ਦਰਿਆ (ਦਰਿਆਵਾਂ) / ਜਲ----------------(ਮੋਟਿਫ਼ 1)------------ਸ਼ੂਕਣਾ/ ਬੋਲਣਾ

ਕੁਰਸੀਆਂ ਦੇ ਥਲ (ਮੋਟਿਫ਼ 2)

ਪਹੁੰਚਣ ਸਾਰ ਗੂੰਗੇ ਹੋਣਾ। (ਮੋਟਿਫ਼ 3)

ਇਸ ਤਰ੍ਹਾਂ ਉਕਤ ਆਰੇਖ ਪਹਿਲੇ ਤੇ ਤੀਜੇ ਮੋਟਿਫ਼ ਦਾ ਸੰਬੰਧ ਅਤੇ ਪਹਿਲੇ ਦੂਜੇ ਤੇ ਤੀਜੇ ਦਾ ਆਪਸੀ ਸੰਬੰਧ ਸ਼ਿਅਰ ਵਿਚ ਕਾਰਜਸ਼ੀਲ ਵਿਰੋਧਮਈ ਜੁੱਟਾਂ ਰਾਹੀਂ ਪੇਸ਼ ਕਰਦਾ ਹੈ। ਸਪੱਸ਼ਟ ਹੈ ਕਿ ਇਨ੍ਹਾਂ ਮੋਟਿਫਾਂ ਨੂੰ ਹੋਰ ਘਟਾਇਆ ਜਾ ਤੋੜਿਆ ਨਹੀਂ ਜਾ ਸਕਦਾ। ਇਨ੍ਹਾਂ ਤੱਤਾਂ ਦਾ ਆਪਸੀ ਜੋੜ ਮੇਲ ਹੀ ਥੀਮ ਨੂੰ ਪੇਸ਼ ਕਰਦਾ ਹੈ।ਇਹੀ 'ਕਾਵਿ-ਸਮੱਗਰੀ ਦੇ ਬੁਨਿਆਦੀ ਇਕਾਗਰਕਾਰੀ ਅੰਗ ਹਨ ਜੋ ਮਨੁੱਖੀ ਵਿਚਾਰ ਤੇ ਆਵਸ਼ਕਤਾ ਦਾ ਪੂਰਨ ਚਿੱਤਰ ਹਨ।"[5] ਉਕਤ ਤੋਂ ਸਪੱਸ਼ਟ ਹੈ ਕਿ ਮੋਟਿਫ਼ ਰਚਨਾ ਦੀ ਛੋਟੀ ਤੋਂ ਛੋਟੀ ਮਹੱਤਵਪੂਰਨ ਇਕਾਈ ਹੈ ਜੋ ਆਪਣੇ ਆਪ ਵਿੱਚ ਸੰਪੂਰਨ ਹੁੰਦੀ ਹੋਈ ਰਚਨਾ ਦੇ ਹੋਰਨਾ ਮੋਟਿਫਾਂ ਨਾਲ ਜੁੜ ਕੇ ਅੰਤਰ-ਕ੍ਰਿਆ ਕਰਦੀ ਹੈ।

ਮੋਟਿਫ਼ ਦੀ ਪ੍ਰਕਾਰ ਵੰਡ-

ਰਚਨਾ ਵਿਚ ਕਾਰਜਸ਼ੀਲ ਮੋਟਿਫ਼ ਵੱਖ ਵੱਖ ਕਿਸਮ ਦੇ ਹੁੰਦੇ ਹਨ। ਇਨ੍ਹਾਂ ਦੀ ਪ੍ਰਕਾਰ ਵੰਡ ਨਿਮਨ ਪ੍ਰਕਾਰ ਹੈ।

ਖੁੱਲ੍ਹੇ ਮੋਟਿਫ਼- ਰਚਨਾ ਵਿਚ ਮੁੱਖ ਬਿਰਤਾਂਤ ਨਾਲ ਉਪ ਬਿਰਤਾਂਤ ਦੀ ਸਿਰਜਣਾ, ਮੁੱਖ ਬਿਰਤਾਂਤ ਨੂੰ ਗਤੀ ਤੇ ਵਿਕਾਸ ਪ੍ਰਦਾਨ ਕਰਦੀ ਹੈ। ਉਪ ਬਿਰਤਾਂਤ ਬੇਸ਼ੱਕ ਰਚਨਾ ਬਿਰਤਾਂਤ ਲਈ ਲੋੜੀਂਦਾ/ਮਹੱਤਵਪੂਰਨ ਹੁੰਦਾ ਹੈ ਪਰ ਇਸਨੂੰ ਰਚਨਾ ਵਿਚੋਂ ਕੱਢ ਦੇਣ ਨਾਲ ਬਿਰਤਾਂਤਕ ਸੰਦੇਸ਼ ਤੇ ਰਚਨਾ ਉਤੇ ਕੋਈ ਮਾਰੂ ਪ੍ਰਭਾਵ ਨਹੀਂ ਪੈਂਦਾ। ਇਸ ਪ੍ਰਕਾਰ,"ਅਜਿਹੇ ਮੋਟਿਫ਼ ਜਿਨ੍ਹਾਂ ਨੂੰ ਮੋਟਿਫਾਂ ਦੀ ਲੜੀ ਵਿਚੋਂ ਖ਼ਾਰਜ ਕਰਨ ਨਾਲ ਰਚਨਾ-ਸੰਗਠਨ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਉਹ ਸੁਤੰਤਰ ਜਾਂ ਖੁੱਲ੍ਹੇ ਮੋਟਿਫ਼

ਅਖਵਾਉਂਦੇ ਹਨ।"[6]

ਹੇਠਾਂਕਿਤ ਸ਼ਿਅਰਾਂ ਵਿਚੋਂ ਮੋਟਿਫ਼ ਦੀ ਇਸ ਪ੍ਰਕਿਰਤੀ ਨੂੰ ਸਮਝਿਆ ਜਾ ਸਕਦਾ ਹੈ।

ਦਿਲਾਂ ਦੇ ਵਣਜ ਜੋ ਕਰਦੇ ਸੁਦਾਗਰ
ਘਰਾਂ ਦੇ ਵਿਚ ਨਾਂ ਉਹ ਟਿਕਕੇ ਬਹਿੰਦੇ
ਬਹਿੰਦੇ ਨਾ ਕਦੇ ਭਰਮਣ ਕਰੀਂਦੇ
ਸਦਾ ਹੀ ਚਾਲ ਉਹ ਚਲਦੇ ਰਹਿੰਦੇ।[7]

ਉਕਤ ਸ਼ਿਅਰ ਵਿਚ (ਦਿਲਾਂ ਦਾ ਵਣਜ ਕਰਨ ਵਾਲੇ ਸੁਦਾਗਰ) ਮੁੱਖ ਮੋਟਿਫ਼ ਹੈ, ਅਗਲੇ ਤਿੰਨ ਮੋਟਿਫ਼ (ਘਰਾਂ ਵਿੱਚ ਟਿਕਕੇ ਨਾ ਬੈਠਣਾ, ਭਰਮਣ ਕਰਦੇ ਰਹਿਣਾ/ਸਦਾ ਚਲਦੇ ਰਹਿਣਾ), ਪਹਿਲੇ ਮੋਟਿਫ਼ (ਸੁਦਾਗਰ) ਦੀ ਵਿਸ਼ੇਸ਼ਤਾ ਹੀ ਦੱਸਦੇ ਹਨ। ਸਮੁੱਚਤਾ ਵਜੋਂ ਸ਼ਿਅਰ ਦਾ ਥੀਮ ਵਪਾਰੀ/ਸੁਦਾਗਰ ਦੀ ਵਿਥਿਆ ਤੇ ਕੇਂਦਰਤ ਹੈ। ਦਿਲਾਂ ਦੇ ਵਣਜ ਕਾਵਿ ਹਿੱਸਾ ਸੁਦਾਗਰ ਨੂੰ ਇਸ਼ਕ/ਪਿਆਰ ਦੇ ਵਪਾਰ ਨਾਲ ਜੋੜਦਾ ਹੈ। ਇਸ ਲਈ ਸ਼ਿਅਰ ਵਿਚੋਂ ਦਿਲਾਂ ਦੇ ਵਪਾਰੀ/ਆਸ਼ਿਕ ਦਾ ਟਿਕ ਕੇ ਨਾ ਬੈਠਣ ਅਤੇ ਸਫ਼ਰ ਵਿਚ ਚਲਦੇ ਰਹਿਣ ਦਾ ਥੀਮ ਉਭਰਦਾ ਹੈ। ਇਹ ਥੀਮ ਨਿਮਨ ਮੋਟਿਫਾਂ ਦੇ ਆਰੇਖ ਰਾਹੀਂ ਸਮਝਿਆ ਜਾ ਸਕਦਾ ਹੈ।

1. <u>ਦਿਲਾਂ ਦਾ ਵਣਜ ਕਰਨ ਵਾਲੇ ਸੁਦਾਗਰ (ਮੋਟਿਫ਼ ਵੀ ਤੇ ਥੀਮ ਵੀ)</u>

↔ 1.1 ਘਰਾਂ ਵਿੱਚ ਟਿਕ ਕੇ ਨਾ ਬਹਿਣਾ
↔ 1.2 ਬਹਿੰਦੇ ਨਾ ਭਰਮਣ ਕਰਦੇ
↔ 1.3 ਸਦਾ ਹੀ ਚਾਲ ਉਹ ਚਲਦੇ ਰਹਿੰਦੇ।

ਉਕਤ ਵਿਚ 1.1, 1.2, 1.3 ਮੋਟਿਫ਼ ਪਹਿਲੇ 1 (ਦਿਲਾਂ ਦਾ ਵਣਜ ਕਰਨ ਵਾਲੇ ਸੁਦਾਗਰ) ਦਾ ਹੀ ਉਪਭਾਗ ਹਨ। ਜੇਕਰ ਇਨ੍ਹਾਂ ਤਿੰਨਾਂ ਮੋਟਿਫਾਂ (1.1,1.2 ਅਤੇ 1.3) ਦਾ ਸੰਯੋਜਨ ਕੀਤਾ ਜਾਵੇ ਤਾਂ ਇਕ ਮੋਟਿਫ਼ 'ਘਰਾਂ ਵਿਚ ਟਿਕ ਕੇ ਨਾ ਬੈਠਣਾ' ਹੀ ਉਭਰਦਾ ਹੈ ਕਿਉਂਕਿ 1.1, 1.2 ਤੇ 1.3 ਮੋਟਿਫ਼ ਦੁਹਰਾਓ ਮੂਲਕ ਹਨ ਇਸ ਲਈ ਇਨ੍ਹਾਂ ਨੂੰ ਰਚਨਾ ਵਿਚੋਂ ਖ਼ਾਰਜ ਕਰਨ ਤੇ ਵੀ ਰਚਨਾ ਤੇ ਕੋਈ ਮਾਰੂ ਪ੍ਰਭਾਵ ਨਹੀਂ ਪੈਂਦਾ ਜਿਸ ਕਾਰਨ ਇਹ ਖੁੱਲ੍ਹੇ ਮੋਟਿਫਾਂ ਦੀ ਸ਼੍ਰੇਣੀ ਵਿਚ ਆ ਜਾਂਦੇ ਹਨ।

ਬੱਝੇ ਮੋਟਿਫ਼- ਰਚਨਾ ਵਿਚੋਂ ਜਿਨ੍ਹਾਂ ਮੋਟਿਫਾਂ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ ਉਹ

ਬੱਝੇ ਮੋਟਿਫ਼ ਹਨ। ਡਾ. ਹਰਿਭਜਨ ਸਿੰਘ ਅਨੁਸਾਰ, "ਰਚਨਾ ਵਿਚ ਅਜਿਹੇ ਮੋਟਿਫ਼ ਜੋ ਰਚਨਾ ਵਿਚੋਂ ਖ਼ਾਰਜ ਨਹੀਂ ਕੀਤੇ ਜਾ ਸਕਦੇ ਇਨ੍ਹਾਂ ਨੂੰ ਬੱਝੇ ਮੋਟਿਫਾਂ ਦਾ ਨਾਮ ਦਿੱਤਾ ਜਾ ਸਕਦਾ ਹੈ।"[8]

ਇਸ ਪ੍ਰਕਾਰ ਇਨ੍ਹਾਂ ਮੋਟਿਫਾਂ ਨੂੰ ਰਚਨਾ ਵਿਚੋਂ ਕੱਢ ਦੇਣ ਨਾਲ ਥੀਮ/ਰਚਨਾ ਸੰਗਠਨ ਤੇ ਪ੍ਰਭਾਵ ਪੈਂਦਾ ਹੈ। ਉਕਤ ਸ਼ਿਅਰ ਵਿਚੋਂ ਪਹਿਲੇ ਮੋਟਿਫ਼ (ਦਿਲਾਂ ਦਾ ਵਣਜ ਕਰਨ ਵਾਲੇ ਸੁਦਾਗਰ) ਨੂੰ ਰਚਨਾ ਵਿਚੋਂ ਖ਼ਾਰਜ ਕਰਨ ਨਾਲ ਸਮੁੱਚੇ ਸ਼ਿਅਰ ਦੇ ਸੰਗਠਨ/ਥੀਮ ਦੀ ਸਪੱਸ਼ਟਤਾ ਨਹੀਂ ਹੋਣੀ ਇਸ ਲਈ ਇਸਨੂੰ ਰਚਨਾ ਵਿਚੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ ਅਰਥਾਤ ਰਚਨਾ ਵਿਚ ਇਹ ਬੱਝੇ ਮੋਟਿਫ਼ ਦੀ ਸ਼੍ਰੇਣੀ ਵਿਚ ਆਵੇਗਾ।

ਉਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਕਿਸੇ ਵੀ ਰਚਨਾ ਵਿਚ ਖੁੱਲ੍ਹੇ ਤੇ ਬੱਝੇ ਮੋਟਿਫ਼ ਕਾਰਜਸ਼ੀਲ ਹੁੰਦੇ ਹਨ। ਖੁੱਲ੍ਹੇ ਮੋਟਿਫ਼, ਕਿਸੇ ਬੱਝੇ ਮੋਟਿਫ਼ ਦੇ ਵਿਕਾਸ ਲਈ ਹੀ ਵਰਤੇ ਜਾਂਦੇ ਹਨ ਜਿਵੇਂ ਉਕਤ ਸ਼ਿਅਰ ਵਿਚ 1.1 ਤੇ 1.2 (ਖੁੱਲ੍ਹੇ ਮੋਟਿਫ਼) 1 ਨੰਬਰ ( ਬੱਝੇ ਮੋਟਿਫ਼/ ਦਿਲਾਂ ਦਾ ਵਣਜ ਜੋ ਕਰਦੇ ਸੁਦਾਗਰ) ਦੀਆਂ ਵਿਸ਼ੇਸ਼ਤਾਵਾਂ ਨੂੰ ਹੀ ਉਜਾਗਰ ਕਰਦੇ ਹਨ ਅਰਥਾਤ ਬੱਝੇ ਮੋਟਿਫ਼ ਦੇ ਵਿਚਾਰ ਵਿਕਾਸ ਲਈ ਹੀ ਖੁੱਲ੍ਹੇ ਮੋਟਿਫ਼ ਵਰਤੇ ਜਾਂਦੇ ਹਨ। ਇਸ ਤਰ੍ਹਾਂ ਕਿਸੇ ਵੀ ਰਚਨਾ ਵਿਚ ਬਿਰਤਾਂਤਕ ਪੇਸ਼ਕਾਰੀ ਲਈ ਖੁੱਲ੍ਹੇ ਤੇ ਬੱਝੇ ਦੋਵੇਂ ਪ੍ਰਕਾਰ ਦੇ ਮੋਟਿਫਾਂ ਦੀ ਜ਼ਰੂਰਤ ਹੁੰਦੀ ਹੈ ਪ੍ਰੰਤੂ ਰਚਨਾ ਦੇ ਸਾਰੰਸ਼ ਲਈ ਖੁੱਲ੍ਹੇ ਮੋਟਿਫਾਂ ਨੂੰ ਖ਼ਾਰਜ ਕਰ ਦਿੱਤਾ ਜਾਂਦਾ ਹੈ।

ਮੋਟਿਫਾਂ ਦੇ ਤੱਤ – ਮੋਟਿਫਾਂ ਦਾ ਨਿਰਮਾਣ ਵਿਭਿੰਨ ਪ੍ਰਕਾਰ ਦੇ ਤੱਤਾਂ ਤੋਂ ਹੁੰਦਾ ਹੈ। ਡਾ. ਹਰਿਭਜਨ ਸਿੰਘ ਨੇ ਇਹ ਤੱਤ ਤਿੰਨ ਪ੍ਰਕਾਰ ਦੇ ਮੰਨੇ ਹਨ।

1.ਸਮੱਗਰੀ

2. ਜੁਗਤ


3. ਪ੍ਰੇਰਕ[9]

ਮੋਟਿਫ਼ ਵਿਚ ਪੇਸ਼ ਸਥਿਤੀ ਹੀ ਉਸਦੀ ਸਮੱਗਰੀ ਹੁੰਦੀ ਹੈ। ਮੋਟਿਫ਼ ਵਿਚ ਕਾਰਜਸ਼ੀਲ ਪਾਤਰਾਂ ਦੇ ਆਪਸੀ ਸੰਬੰਧ ਕਿਰਿਆ ਪ੍ਰਤੀਕਿਰਿਆ, ਵਿਹਾਰ ਆਦਿ ਮੋਟਿਫ਼ ਦੀ

ਸਮੱਗਰੀ ਹੀ ਹੁੰਦੇ ਹਨ।

ਸਿਹਰੇ ਬੰਨ੍ਹ ਕੇ ਚਾਲੀ ਕਿੱਲੇ ਢੁੱਕੇ ਹਨ,
ਏਸ ਵਿਆਹ ਵਿੱਚ ਐ ਬਾਬਲ! ਵਰ ਕਿੱਥੇ ਹੈ?[10]

ਉਕਤ ਸ਼ਿਅਰ ਵਿਚ ਧੀ, ਪਿਤਾ ਤੇ ਵਰ ਦੀ ਤਿਕੋਣ ਸ਼ਾਮਲ ਹੈ।




ਸ਼ਿਅਰ ਵਿਚ ਧੀ ਦਾ ਪਿਤਾ ਨਾਲ ਨਰਾਜ਼ਗੀ ਰੂਪ ਵਿਚ ਵਿਅੰਗਮਈ ਸੰਵਾਦ ਹੈ। ਜਿਸ ਵਿਚ ਉਹ ਆਪਣੇ ਬਾਪ ਤੋਂ ਉਸਦੇ 'ਹਾਣ ਦੇ ਵਰ' ਬਾਰੇ ਪ੍ਰਸ਼ਨ ਪੁੱਛਦੀ ਹੈ। ਧੀ ਦਾ ਪਿਤਾ ਨਾਲ ਸੰਵਾਦ ਵਿਚੋਂ ਹੀ ਰਚਨਾ/ਸ਼ਿਅਰ ਦੀ ਮੂਲ ਸਮੱਗਰੀ 'ਅਣਜੋੜ ਵਿਆਹ' ਦੀ ਗੰਢ ਖੁੱਲ੍ਹਦੀ ਹੈ। 'ਚਾਲੀ ਕਿੱਲੇ' ਪੂੰਜੀ/ਪੈਸੇ/ਸਰਮਾਏ ਦੇ ਚਿੰਨ੍ਹ ਦੇ ਨਾਲ-ਨਾਲ 'ਚਾਲੀ ਸਾਲ ਦੇ ਵਰ' ਵੱਲ ਵੀ ਇਸ਼ਾਰਾ ਕਰਦੇ ਹਨ।

ਰਚਨਾ ਵਿਚ ਪੇਸ਼ ਸਮੱਗਰੀ ਨੂੰ ਰਚਨਾਕਾਰ ਅਨੇਕਾਂ ਜੁਗਤਾਂ ਨਾਲ ਪੇਸ਼ ਕਰਦਾ ਹੈ। ਰਚਨਾ ਵਿਚ ਕਾਰਜਸ਼ੀਲ ਮੋਟਿਫਾਂ ਨੂੰ ਮਨੋਲਾਪ, ਵਿਗੋਪਨ, ਅਜਨਬੀਕਰਨ, ਪਿੱਛਲਝਾਤ, ਵਿਸਾਹ ਸਿਰਜਣਾ ਆਦਿ ਜੁਗਤਾਂ ਨਾਲ ਪੇਸ਼ ਕੀਤਾ ਜਾ ਸਕਦਾ ਹੈ।

ਖੂਬ ਸੀ ਦਸਤੂਰ ਤੇਰੇ ਸ਼ਹਿਰ ਦਾ ਹਰ ਚੌਂਕ ਵਿਚ
ਗੂੰਗਿਆਂ ਬੁੱਤਾਂ ਤੋਂ ਮੰਜ਼ਿਲ ਦਾ ਪਤਾ ਪੁੱਛਣਾ ਪਿਆ।[11]

ਉਕਤ ਵਿਚ ਰਚਨਾਕਾਰ ਨੇ ਮੈਂ/ਤੂੰ ਦੀ ਸੰਬੋਧਨੀ ਜੁਗਤ ਤੂੰ/ਮਹਿਬੂਬ ਦੇ ਸ਼ਹਿਰ ਦਾ

ਦਸਤੂਰ ਪੇਸ਼ ਕੀਤਾ ਹੈ। ਸ਼ਿਅਰ ਵਿਚ ਸ਼ਹਿਰ 'ਅਜੋਕੀ ਸਦੀ' ਨੂੰ ਰੂਪਮਾਨ ਕਰਦਾ ਹੈ। ਜਿਸ ਵਿਚ 'ਬੁੱਤ ਗੂੰਗੇ' ਹਨ। ਵਾਸਤਵ ਵਿੱਚ ਬੁੱਤ ਕੋਈ ਕਿਰਿਆ ਪ੍ਰਤੀਕਿਰਿਆ ਨਹੀਂ ਕਰਦੇ ਪਰ ਸ਼ਾਇਰ ਦੀ ਕਲਪਨਾ ਵਾਸਤਵਿਕਤਾ ਦਾ ਅਜਨਬੀਕਰਨ ਕਰਦੀ ਪ੍ਰਤੀਤ ਹੁੰਦੀ ਹੈ। ਕਥਾ ਸਮੱਗਰੀ ਨੂੰ ਵਿਭਿੰਨ ਜੁਗਤਾਂ ਨਾਲ ਪੇਸ਼ ਕਰਨ ਨਾਲ ਸਮੱਗਰੀ ਪਾਠਕ ਨੂੰ ਅਧਿੱਕ ਪ੍ਰਭਾਵਿਤ ਕਰਦੀ ਹੈ।

ਰਚਨਾ ਵਿਚ ਕਾਰਜਸ਼ੀਲ ਮੋਟਿਫ਼ ਕਿਸੇ ਉਦੇਸ਼/ਪ੍ਰਯੋਜਨ ਵਿਚ ਬੱਝੇ ਹੁੰਦੇ ਹਨ। ਡਾ. ਹਰਿਭਜਨ ਸਿੰਘ ਅਨੁਸਾਰ, "ਮੋਟਿਫ਼ ਜਿਸ ਪ੍ਰਯੋਜਨ ਦੀ ਸਿੱਧੀ ਲਈ ਵਰਤੇ ਜਾਂਦੇ ਹਨ ਉਨ੍ਹਾਂ ਨੂੰ ਪ੍ਰੇਰਕ ਆਖਿਆ ਜਾਂਦਾ ਹੈ।"[12]

ਇਹ ਪ੍ਰੇਰਕ, ਕਾਰਜ ਕਰਨ ਲਈ ਉਤਸੁਕਤਾ ਪ੍ਰਦਾਨ ਕਰਦਾ ਹੈ। ਪ੍ਰਯੋਜਨ-ਹੀਣ ਪ੍ਰੇਰਕ ਕਾਰਜ ਨੂੰ ਸੇਧਿਤ ਨਹੀਂ ਕਰ ਸਕਦਾ ਪ੍ਰੇਰਕ ਤਿੰਨ ਪ੍ਰਕਾਰ ਦੇ ਮੰਨੇ ਜਾਂਦੇ ਹਨ -

1. ਰਚਨਾ ਪ੍ਰੇਰਕ
2. ਯਥਾਰਥਕ ਪ੍ਰੇਰਕ ਜਾਂ ਵਸਤੂ ਪ੍ਰੇਰਕ
3. ਕਲਾ ਪ੍ਰੇਰਕ

ਰਚਨਾ ਵਿਚ ਰਚਨਾਤਮਕ ਲੋੜਾਂ ਦੀ ਪੂਰਤੀ ਕਰਨ ਵਾਲੇ ਤੱਤ ਰਚਨਾ-ਪ੍ਰੇਰਕ ਹੁੰਦੇ ਹਨ, ਰਚਨਾ ਵਿਚ ਵਾਸਤਵਿਕਤਾ ਦਾ ਭਰਮ ਪੈਦਾ ਕਰਨ ਵਾਲੇ ਮੋਟਿਫ਼ ਵਸਤੂ-ਪ੍ਰੇਰਕ ਅਤੇ ਯਥਾਰਥਕ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰਨ ਵਾਲੇ ਤੱਤ ਕਲਾ-ਪ੍ਰੇਰਕ ਅਖਵਾਉਂਦੇ ਹਨ।

ਕੌਣ ਕਹਿੰਦਾ ਹੈ ਕਿ ਬੀਤੇ ਵਕਤ ਨਈਂ ਮੁੜਦੇ ਹਜ਼ੂਰ?
ਭਾਰਤ ਅੰਦਰ ਸੰਨ ਸੰਤਾਲੀ ਦੀ ਖੇਤੀ ਹੋ ਰਹੀ।[13]

ਉਕਤ ਸ਼ਿਅਰ ਵਿਚ ਭਾਰਤ ਦੇ 1947 ਦੇ ਮੰਜ਼ਰ ਨੂੰ ਅਜੋਕੇ ਪ੍ਰਸੰਗ (ਇਕੀਵੀਂ ਸਦੀ) ਨਾਲ ਪੁਨਰ-ਜੀਵਤ ਕੀਤਾ ਗਿਆ ਹੈ। ਰਚਨਾ ਵਿਚ ਮੂਲ ਪ੍ਰੇਰਨਾ ਭਾਰਤੀ ਸਮਾਜ ਦੀ ਸਮਾਜਕ-ਰਾਜਨੀਤਕ ਸਥਿਤੀ ਨੂੰ ਵਿਅੰਗਮਈ ਢੰਗ ਨਾਲ ਪੇਸ਼ ਕਰਨਾ ਹੈ। ਇਸ ਮੂਲ ਪ੍ਰੇਰਨਾ ਨੂੰ ਸਾਧਿਤ ਕਰਨ ਹਿਤ ਰਚਨਾਕਾਰ ਨੇ ਭਾਰਤ ਦੇ ਇਤਿਹਾਸਕ ਪਰਿਪੇਖ ਨੂੰ ਸ਼ਿਅਰ ਦੀ ਪਿੱਠਭੂਮੀ ਵਿਚ ਰੱਖਿਆ ਹੈ। 'ਬੀਤੇ ਵਕਤ' ਕਿਸੇ ਖ਼ਾਸ ਕਰਮ ਵੱਲ ਇਸ਼ਾਰਾ ਕਰਦੇ ਹਨ। 'ਸੰਨ ਸੰਤਾਲੀ' ਦੀ ਵਿਸ਼ੇਸ਼ਤਾ ਭਾਰਤ (ਕਰਤਾ) ਨਾਲ ਉਘੜਦੀ

ਹੈ। 'ਖੇਤੀ' ਮਨੁੱਖੀ ਕਰਮ ਦਾ ਕਿਰਿਆ ਰੂਪ ਹੈ। ਰਚਨਾ ਵਿਚ 'ਬੀਤੇ ਵਕਤ' ਰਚਨਾਤਮਕ ਜਰੂਰਤ ਹੈ ਕਿਉਂਕਿ ਸਮੁੱਚਾ ਸ਼ਿਅਰ ਇਸ 'ਬੀਤੇ ਵਕਤ' ਦੀ ਚੂਲ ਉਪਰ ਟਿਕਿਆ ਹੈ। ਉਕਤ ਵਿਚ 'ਕੌਣ ਕਹਿੰਦਾ' ਤੇ 'ਨਈਂ ਮੁੜਦੇ ਹਜ਼ੂਰ' ਵਾਸਤਵਿਕਤਾ ਦਾ ਭਰਮ ਸਿਰਜਣ ਕਾਰਨ ਵਸਤੂ-ਪ੍ਰੇਰਕ ਹਨ। ਇਹ ਭਰਮ ਪੈਦਾ ਕਰਨ ਲਈ ਕਲਾਤਮਿਕ ਨਿਪੁੰਨਤਾ ਦੀ ਜ਼ਰੂਰਤ ਹੁੰਦੀ ਹੈ। ਜਿਸ ਨਾਲ ਕਲਾ-ਪ੍ਰੇਰਕ[14] ਉਪਜਦੇ ਹਨ। ਉਕਤ ਵਿਚ 'ਕੌਣ ਕਹਿੰਦਾ' ਵਿਸਾਹ ਸਿਰਜਣਾ ਕਰਦਾ ਹੈ ਪਰ ਭਾਰਤ ਵਿਚ ਤਾਂ ਮਨੁੱਖੀ ਨਸਲ ਦਾ ਘਾਣ ਅੱਜ ਵੀ ਹੋ ਰਿਹਾ ਹੈ। ਇਸ ਤਰ੍ਹਾਂ ਰਚਨਾਕਾਰ ਨੇ ਪੁਰਾਣੇ 'ਸੰਨ ਸੰਤਾਲੀ' ਨੂੰ ਨਵੇਂ ਵਿਚ 'ਪਿੱਛਲ ਝਾਤ' ਰਾਹੀਂ ਪੇਸ਼ ਕੀਤਾ ਹੈ। ਇਸ ਪ੍ਰਕਾਰ ਸਮੁੱਚਤਾ ਵਜੋਂ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਰਚਨਾ ਵਾਸਤਵਿਕਤਾ ਦਾ ਭਰਮ ਹੁੰਦੀ ਹੈ ਇਸ ਵਿਚ ਵਸਤੂ ਪ੍ਰੇਰਕ ਤੇ ਕਲਾ ਪ੍ਰੇਰਕ ਇਕ ਦੂਜੇ ਨਾਲ ਅੰਤਰਸੰਬੰਧਤ ਹੋ ਕੇ ਕਾਰਜ ਕਰਦੇ ਹਨ।

ਉਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਮੋਟਿਫ਼ ਰਚਨਾ ਦੀ ਸਭ ਤੋਂ ਛੋਟੀ ਇਕਾਈ ਹੈ ਜਿਸਨੂੰ ਹੋਰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਖੁੱਲ੍ਹੇ ਅਤੇ ਬੰਦ ਮੋਟਿਫ਼ ਰਚਨਾ ਵਿਚ ਇਕ ਦੂਜੇ ਤੇ ਅੰਤਰ-ਨਿਰਭਰ ਹੋ ਕੇ ਪੇਸ਼ ਆਉਂਦੇ ਹਨ। ਇਹ ਮੋਟਿਫ਼ ਗ਼ਜ਼ਲ ਦੇ ਇਕ ਸ਼ਿਅਰ ਵਿਚ ਕਾਰਜਸ਼ੀਲ ਰੁਕਨਾਂ ਤੋਂ ਵੀ ਪਛਾਣੇ ਜਾ ਸਕਦੇ ਹਨ ਪਰ ਹਰ ਵਾਰ ਇਕ ਰੁਕਨ ਵਿਚ ਇਕ ਮੋਟਿਫ਼ ਹੋਵੇ ਇਹ ਜ਼ਰੂਰੀ ਨਹੀਂ ਕਈ ਵਾਰ ਦੋ ਰੁਕਨ ਮਿਲ ਕੇ ਇਕ ਮੋਟਿਫ਼ ਦੀ ਉਸਾਰੀ ਕਰਦੇ ਹਨ। ਇਹ ਮੋਟਿਫ਼ (ਟੋਟੇ) ਆਪਸ ਵਿੱਚ ਜੁੜ ਕੇ ਹੀ ਸ਼ਿਅਰ ਵਿਚ ਕਾਰਜਸ਼ੀਲ ਥੀਮ ਨੂੰ ਉਭਾਰਦੇ ਹਨ। ਇਨ੍ਹਾਂ ਮੋਟਿਫਾਂ ਦੀ ਨਿਰਮਾਣਕਾਰੀ ਲਈ ਸਮੱਗਰੀ, ਜੁਗਤ ਅਤੇ ਪ੍ਰੇਰਕ ਤੱਤ ਹਨ। ਮੋਟਿਫ਼ ਵਿਚ ਕਾਰਜਸ਼ੀਲ ਪਾਤਰਾਂ ਦੀਆਂ ਕਿਰਿਆਵਾਂ, ਵਿਹਾਰ ਆਦਿ ਨੂੰ ਵਿਗੋਪਨ, ਮਨੋਲਾਪ, ਪਿੱਛਲਝਾਤ ਵਰਗੀਆਂ ਜੁਗਤਾਂ ਨਾਲ ਕਿਸੇ ਪ੍ਰਯੋਜਨ ਦੀ ਸਿੱਧੀ ਹਿਤ ਵਰਤਿਆ ਜਾਂਦਾ ਹੈ।

**ਹਵਾਲੇ ਤੇ ਟਿਪਣੀਆਂ-**

---

1. ਡਾ.ਹਰਿਭਜਨ ਸਿੰਘ, ਰਚਨਾ -ਸੰਰਚਨਾ, ਪੰਨਾ-16.

2. Tomashevsky Boris, Thematics in Russian Formalist Criticism, Four Essays,(Ed.), By Lemon & Reis, P-67.
3. ਉਧਰਿਤ, ਹਰਜੀਤ ਸਿੰਘ, ਪੰਜਾਬੀ ਕਿੱਸਾ ਕਾਵਿ ਦਾ ਥੀਮ ਵਿਗਿਆਨਕ ਅਧਿਐਨ, ਭਾਸ਼ਾ ਵਿਭਾਗ ਪੰਜਾਬ,1998, ਪੰਨਾ-13.
4. ਗੁਰਤੇਜ ਕੋਹਾਰਵਾਲਾ, ਪਾਣੀ ਦਾ ਹਾਸ਼ੀਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ-29.
5. Philip p.Weiner, Dictionary of the History of ideas, P-237.
6. ਡਾ. ਹਰਜੀਤ ਸਿੰਘ, ਪੰਜਾਬੀ ਕਿੱਸਾ ਕਾਵਿ ਦਾ ਥੀਮ ਵਿਗਿਆਨਕ ਅਧਿਐਨ, ਪੰਨਾ-33
7. ਮਾਲਵਿੰਦਰ ਸ਼ਾਇਰ, ਧੁਰੋਂ, ਸਪਰੈਡ ਪਬਲੀਕੇਸ਼ਨਜ਼, ਰਾਮਪੁਰ, 2022, ਪੰਨਾ-31.
8. ਡਾ. ਹਰਿਭਜਨ ਸਿੰਘ, ਰਚਨਾ-ਸੰਰਚਨਾ, ਪੰਨਾ -17.
9. ਓਹੀ, ਰਚਨਾ -ਸੰਰਚਨਾ, ਪੰਨਾ-17.
10. ਹਰਮਿੰਦਰ ਕੋਹਾਰਵਾਲਾ, ਕਿਰਨਾਂ ਦੀ ਕਾਸ਼ਤ, ਕੈਲੀਬਰ ਪਬਲੀਕੇਸ਼ਨ, ਪਟਿਆਲਾ,2018, ਪੰਨਾ-81.
11. ਜਗਵਿੰਦਰ ਜੋਧਾ, ਬੇਤਰਤੀਬੀਆਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ,
12. ਰਚਨਾ-ਸੰਰਚਨਾ, ਪੰਨਾ-27.
13. ਸੁਲੱਖਣ ਸਰਹੱਦੀ, ਦਰਦ ਬੋਲਦਾ ਹੈ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2018, ਪੰਨਾ-12
14. ਡਾ. ਹਰਿਭਜਨ ਸਿੰਘ ਅਨੁਸਾਰ, "ਸਾਧਾਰਨ ਨੂੰ ਅਸਾਧਾਰਨ, ਪੁਰਾਣੇ ਨੂੰ ਨਵਾਂ, ਗੈਰ ਸਾਹਿਤਕ ਨੂੰ ਸਾਹਿਤਕ, ਵਾਸਤਵਿਕ ਨੂੰ ਕਲਾਤਮਿਕ ਬਣਾਉਣ ਦੀ ਪ੍ਰਕਿਰਿਆ ਦਾ ਨਾਮ ਹੀ ਅਜਨਬੀ- ਕਰਨ ਹੈ। ਇਸਨੂੰ ਕਲਾ-ਪ੍ਰੇਰਕ ਦਾ ਨਾਮ ਦੇ ਸਕਦੇ ਹਾਂ। (ਰਚਨਾ ਸੰਰਚਨਾ, ਪੰਨੇ 21-22)